# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
# ਐਸ.ਸੀ.ਓ. ਨੰ: 104-106, ਸੈਕਟਰ - 34 ਏ, ਚੰਡੀਗੜ੍ਹ ।

---

## ਦਫਤਰੀ ਹੁਕਮ/ ਨੋਟੀਫਿਕੇਸ਼ਨ

ਵੱਲ

ਸਮੂਹ (ਸੁਸਾਇਟੀਆਂ) ਕੰਪੋਨੈਟ ਮੁੱਖੀਆਂ

ਪੱਤਰ ਨੰ:- 18/1-2012/ਸਸਅ/ਆਰ.ਟੀ.ਆਈ/ 86939
ਮਿਤੀ :- 10/10/12 ,ਚੰਡੀਗੜ੍ਹ

**ਵਿਸ਼ਾ:- ਆਰ.ਟੀ.ਆਈ ਐਕਟ ਅਧੀਨ ਮੰਗੀ ਗਈ ਸੂਚਨਾ ਸਮੇਂ ਸਿਰ ਉਪਲਬਧ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਰ.ਟੀ.ਆਈ ਐਕਟ ਸਬੰਧੀ ਆਉਣ ਵਾਲੀਆਂ ਪਰੇਸ਼ਾਨੀਆ ਨੂੰ ਦੂਰ ਕਰਨ ਅਤੇ ਸਮੇਂ ਸਿਰ ਸੂਚਨਾ ਪ੍ਰਾਰਥੀ ਤੱਕ ਪਹੁੰਚਾਉਣ ਲਈ ਐਕਟ ਦੇ ਨਿਯਮਾਂ ਅਨੁਸਾਰ ਅਤੇ ਮਾਣਯੋਗ ਡੀ.ਜੀ.ਐਸ.ਈ ਵੱਲੋਂ ਸਮੇਂ ਸਮੇਂ ਤੇ ਕੀਤੀਆਂ ਹਦਾਇਤਾਂ ਅਨੁਸਾਰ ਸਮੂਹ ਸੁਸਾਇਟੀਆਂ/ ਅਥਾਰਟੀਆਂ ਅਤੇ ਉਹਨਾਂ ਦੇ ਕੰਪੋਨੈਂਟ ਮੁੱਖੀ ਆਪਣੇ ਕੰਪੋਨੈਂਟ ਦਾ ਪੀ.ਆਈ.ਓ ਨਿਯੁਕਤ ਕੀਤਾ ਜਾਂਦਾ ਹੈ। ਕਾਪੀ ਨਾਲ ਨੱਥੀ ਹੈ ਜੀ।

2.0 ਇਸ ਸਬੰਧੀ ਸਮੂਹ ਸੁਸਾਇਟੀਆਂ, ਅਥਾਰਟੀਆਂ ਅਤੇ ਉਹਨਾਂ ਦੇ ਕੰਪੋਨੈਟ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਆਰ.ਟੀ.ਆਈ ਸੈਲ (ਨੋਡਲ ਪੀ.ਆਈ.ਓ) ਵੱਲੋਂ ਪ੍ਰਾਰਥੀ ਦਾ ਪੱਤਰ ਜਾਂ ਉਸਦੀ ਕਾਪੀ ਰਜਿਸਟਰ ਦਰਜ ਕਰਨ ਉਪਰੰਤ ਸਿੱਧੇ ਤੌਰ ਤੇ ਸਬੰਧਤ ਮੁੱਖੀ ਨੂੰ ਭੇਜ ਦਿੱਤੀ ਜਾਵੇਗੀ।

3.0 ਇਸ ਉਪਰੰਤ ਇਹ ਸੂਚਨਾ ਮਿੱਥੇ ਸਮੇਂ ਦੌਰਾਨ ਪ੍ਰਾਰਥੀ ਤੱਕ ਪਹੁੰਚਾਣਾ ਸਬੰਧਤ ਕੰਪੋਨੈਟ ਮੁਖੀ/ ਪੀ.ਆਈ.ਓ ਦੀ ਜ਼ਿਮੇਵਾਰੀ ਹੋਵੇਗੀ।

4.0 ਸੂਚਨਾ ਸਬੰਧੀ ਬਣਦੀ ਫੀਸ ਜਾ ਪ੍ਰਾਰਥੀ ਦੀ ਲੋੜ ਅਨੁਸਾਰ ਰਜ਼ਿਸਟਰਡ / ਸਾਧਾਰਨ ਡਾਕ ਰਾਹੀਂ ਸੂਚਨਾ ਭੇਜਨ ਉਪਰੰਤ ਬਣਦੀ ਪ੍ਰਾਪਤ ਫੀਸ/ ਆਈ.ਪੀ.ਓ/ ਡਰਾਫਟ ਕੰਪੋਨੈਂਟ ਮੁਖੀ/ ਪੀ.ਆਈ.ਓ ਵੱਲੋਂ ਆਰ.ਟੀ.ਆਈ ਸੈਲ ਵਿੱਚ ਜਮ੍ਹਾ ਕਰਵਾਏ ਜਾਣਗੇ ਅਤੇ ਰਾਜ ਸੂਚਨਾ ਕਮਿਸ਼ਨ, ਪੰਜਾਂਬ ਵਿਖੇ ਕੇਸ ਲਗਣ ਤੇ ਰਿਕਾਰਡ ਸਮੇਤ ਪੇਸ਼ੀ ਅਟੈਂਡ ਕਰਨ ਅਤੇ ਸਬੰਧਤ ਕੇਸ ਦਾ ਨਿਪਟਾਰਾ ਕਰਵਾਉਣ ਦੀ ਪੂਰੀ ਜ਼ਿਮੇਵਾਰੀ ਸਬੰਧਤ ਸੁਸਾਇਟੀਆਂ/ ਅਥਾਰਟੀਆਂ ਅਤੇ ਉਹਨਾਂ ਦੇ ਕੰਪੋਨੈਟ ਮੁਖੀ/ ਪੀ.ਆਈ.ਓ ਦੀ ਹੋਵੇਗੀ।

**5.0** ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵੱਖ ਵੱਖ ਅਥਾਰਟੀਆਂ/ ਕੰਪੋਨੈਂਟ ਆਰ.ਟੀ.ਆਈ ਐਕਟ 2005 ਅਧੀਨ ਮੰਗੀ ਸੂਚਨਾ ਜੋ ਕਿ ਸਮ੍ਹਾ ਬੱਧ ਹੁੰਦੀ ਹੈ ਨੂੰ ਆਪਣੇ ਪੱਧਰ ਤੇ ਡੀਲ ਕਰਕੇ ਪ੍ਰਾਰਥੀ ਨੂੰ ਸਮ੍ਹੇਂ ਸਿਰ ਜਾਣਕਾਰੀ ਉਪਲਬਧ ਕਰਵਾਉਣ ਲਈ ਕਿਹਾ ਜਾਂਦਾ ਹੈ।

**6.0** ਸੂਚਨਾ ਨਾ ਦੇਣ, ਦੇਣ ਤੋਂ ਇੰਨਕਾਰ ਕਰਨ ਜਾਂ ਸਮੇਂ ਸਿਰ ਨਾ ਦੇਣ ਜਾਂ ਕਿਸੀ ਵੀ ਹੋਰ ਸੂਰਤ ਵਿੱਚ ਮਾਨਯੋਗ ਰਾਜ ਸੂਚਨਾ ਕਮਿਸ਼ਨ ਪੰਜਾਬ, ਵਿੱਚ ਕਿਸੀ ਕੇਸ ਵਿੱਚ ਜੇਕਰ ਜੁਰਮਾਨਾ ਜਾ ਕਾਸਟ ਪਾਈ ਜਾਂਦੀ ਹੈ ਤਾ ਇਸਦੀ ਨਿਰੋਲ ਜ਼ਿਮੇਵਾਰੀ ਸਬੰਧਤ ਕੰਪੋਨੈਂਟ ਮੁਖੀ ਜਾਂ ਪੀ.ਆਈ.ਓ ਦੀ ਹੋਵੇਗੀ।

**ਵਧੀਕ ਐਸ.ਪੀ.ਡੀ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਉਤਾਰਾ:-**

1) ਐਸ.ਐਸ.ਏ
2) ਆਰ.ਐਮ.ਐਸ.ਏ
3) ਆਈ.ਸੀ.ਟੀ
4) ਮਿਡ.ਡੇ.ਮੀਲ
5) ਪੀ.ਈ.ਡੀ.ਬੀ
6) ਐਜੂਸੈਟ ਆਦਿ

**ਵਧੀਕ ਐਸ.ਪੀ.ਡੀ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**